# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ),

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ),

ਪੰਜਾਬ।

ਮੀਮੋ ਨੰ: 9/5-2010/SSA/FTB/ 27822

ਮਿਤੀ,ਚੰਡੀਗੜ੍ਹ:02 ਮਾਰਚ,2010

**ਵਿਸ਼ਾ: ਵਿੱਦਿਅਕ ਸਾਲ 2010-11 ਵਾਸਤੇ ਕਿਤਾਬਾਂ ਦੀ ਸੁਚਾਰੂ ਵੰਡ ਸਬੰਧੀ।**

1.0 ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਵਿਦਿਅਕ ਸਾਲ 2010-11 ਵਾਸਤੇ ਕਿਤਾਬਾਂ ਦੀ ਸਪਲਾਈ ਸਬੰਧੀ ਇੱਕ ਅਹਿਮ ਮੀਟਿੰਗ ਮਿਤੀ 25-02-2010 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੀਟਿੰਗ ਹਾਲ ਵਿੱਚ ਕੀਤੀ ਗਈ ਜਿਸ ਦੀ ਪ੍ਰਧਾਨਗੀ ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ ਵੱਲੋਂ ਕੀਤੀ ਗਈ।

2.0 ਇੱਥੇ ਦੱਸਣਾ ਜਰੂਰੀ ਹੈ ਕਿ ਮੁੱਖ ਮੰਤਰੀ ਜੀ ਦੁਆਰਾ ਲਏ ਗਏ ਫ਼ੈਸਲੇ ਦੀ ਰੋਸ਼ਨੀ ਵਿੱਚ ਕਿਤਾਬਾਂ ਪੰਜਾਬ ਸਕੂਲ ਬੋਰਡ ਹੀ ਵੰਡੇਗਾ ਅਤੇ ਸਿੱਖਿਆ ਵਿਭਾਗ ਦਾ ਅਮਲਾ-ਫ਼ੈਲਾ ਇਸ ਕਾਰਜ ਵਿੱਚ ਹਰ ਸੰਭਵ ਮੱਦਦ ਕਰੇਗਾ।

3.0 ਜ਼ਿਲ੍ਹਾ ਮੈਨੇਜ਼ਰ ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹੇ ਅੰਦਰ ਕਿਤਾਬਾਂ ਦੀ ਸਕੂਲ ਪੱਧਰ ਤੱਕ ਸਮੇ ਸਿਰ ਵੰਡ ਲਈ ਜ਼ਿਮੇਵਾਰ ਹੋਣਗੇ ਅਤੇ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਉਹਨਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਨਗੇ ਜਿਵੇਂ ਕਿ:

- ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਸਕੂਲਾਂ ਦਾ ਰੂਟ ਚਾਰਟ ਤਿਆਰ ਕਰਕੇ ਜ਼ਿਲ੍ਹਾ ਮੈਨੇਜ਼ਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਉਪਲਬਧ ਕਰਵਾਉਣਗੇ।

- ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਸਕੂਲਵਾਰ ਲਿਸਟਾਂ,ਜਿਸ ਵਿੱਚ ਸਕੂਲ ਦਾ ਨਾਂ, ਮੁਖੀ ਦਾ ਨਾਂ, ਫ਼ੋਨ ਨੰਬਰ ਅਤੇ ਵਿਦਿਆਰਥੀਆਂ ਦੀ ਗਿਣਤੀ ਆਦਿ ਸ਼ਾਮਲ ਹੋਵੇਗੀ,ਜ਼ਿਲ੍ਹਾ ਮੈਨੇਜ਼ਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਮੁਹੱਈਆ ਕਰਨਗੇ।
- ਜ਼ਿਲ੍ਹਾ ਮੈਨੇਜ਼ਰ ਜੇਕਰ ਜ਼ਰੂਰਤ ਸਮਝਣ ਤਾਂ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਨਾਲ ਰਾਬਤਾ ਕਾਇਮ ਕਰਕੇ 'ਤੇ ਕਿਸੇ ਵੀ ਸਮੱਸਿਆ ਦਾ ਹੱਲ ਕੱਢਣਗੇ।
- ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਸਕੂਲ ਮੁਖੀਆਂ ਨੂੰ ਰੂਟ ਚਾਰਟ ਮੁਤਾਬਿਕ ਕਿਤਾਬਾਂ ਪ੍ਰਾਪਤ ਕਰਨ ਦੇ ਸਮੇਂ ਅਤੇ ਤਾਰੀਕ ਸਬੰਧੀ ਅਗਾਊਂ ਸੂਚਿਤ ਕਰਨਗੇ ਅਤੇ ਸਕੂਲ ਮੁਖੀ ਕਿਸੇ ਅਧਿਆਪਕ ਦੀ ਡਿਊਟੀ ਲਾਉਣਗੇ ਜੋ ਕਿਤਾਬਾਂ ਪ੍ਰਾਪਤ ਕਰਨ ਲਈ ਸਕੂਲ ਵਿੱਚ ਹਾਜਰ ਰਹੇਗਾ।
- ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਨੂੰ ਕਿਤਾਬਾਂ ਦੀ ਸੁਚਾਰੂ ਵੰਡ ਦੇ ਸਿਲਸਿਲੇ ਵਿੱਚ ਜ਼ਿਲ੍ਹੇ ਅੰਦਰ ਪਹਿਲੀ ਮਾਰਚ ਤੋਂ ਅਗਲੇ ਦੋ ਮਹੀਨਿਆਂ ਲਈ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਤੇ ਸਮੇ-ਸਮੇ ਜਾਰੀ ਹਦਾਇਤਾਂ ਅਨੁਸਾਰ ਗੱਡੀ ਰਾਹੀਂ ਸਫ਼ਰ ਕਰਨ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ।
- ਜ਼ਿਲੇ ਵਿੱਚ ਤਾਇਨਾਤ ਮੀਡੀਆ ਕੋਆਰਡੀਨੇਟਰ, ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਨਾਲ ਸਹਾਇਕ ਦੇ ਤੌਰ 'ਤੇ ਕੰਮ ਕਰੇਗਾ।ਇਸ ਦੇ ਨਾਲ ਹੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਜੇਕਰ ਜ਼ਰੂਰਤ ਸਮਝਣ ਤਾਂ ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਦੀ ਮੱਦਦ ਲਈ ਆਰਜੀ ਤੌਰ 'ਤੇ ਥੋੜੇ ਦਿਨਾਂ ਲਈ ਜਾਂ 30 ਅਪ੍ਰੈਲ 2010 ਤੱਕ ਸਿੱਖਿਆ ਵਿਭਾਗ ਵਿੱਚੋਂ ਇੱਕ ਸਹਾਇਕ ਦਾ ਪ੍ਰਬੰਧ ਕਰ ਸਕਦੇ ਹਨ।
- ਸਕੂਲ ਮੁਖੀ ਹਰ ਵਰਗ ਦੇ ਵਿਦਿਆਰਥੀਆਂ ਦੀਆਂ ਕਿਤਾਬਾਂ ਪ੍ਰਾਪਤ ਕਰਕੇ ਪ੍ਰਾਪਤੀ ਰਸੀਦ ਦੇਵੇਗਾ ਅਤੇ ਇਸ ਦੀ ਇੱਕ ਪਰਤ ਆਪਣੇ ਕੋਲ ਅਤੇ ਦੂਸਰੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਕੋਲ ਪੁਜਦੀ ਕਰੇਗਾ।
- ਸਾਰੀਆਂ ਰਸੀਦਾਂ ਪ੍ਰਾਪਤ ਕਰਨ ਤੋਂ ਬਾਅਦ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਜ਼ਿਲ੍ਹਾ ਮੈਨੇਜ਼ਰ, ਪ.ਸ.ਸ.ਬ. ਵੱਲੋਂ ਪੇਸ਼ ਕੀਤੇ ਬਿਲ ਨੂੰ ਵੈਰੀਫ਼ਾਈ ਕਰਨਗੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਤਸਦੀਕ ਕਰਨਗੇ ਕਿ ਜ਼ਿਲ੍ਹੇ ਅੰਦਰ ਸਾਰੇ ਸਕੂਲਾਂ ਨੂੰ ਉਹਨਾਂ ਦੀ ਮੰਗ ਅਨੁਸਾਰ ਕਿਤਾਬਾਂ ਪ੍ਰਾਪਤ ਹੋ ਗਈਆਂ ਹਨ ਅਤੇ ਇਹ ਸਹੀ ਹਾਲਤ, ਸਹੀ ਗਿਣਤੀ ਵਿੱਚ ਪ੍ਰਾਪਤ ਕੀਤੀਆਂ ਗਈਆਂ ਹਨ।ਇਸ ਤੋਂ ਬਾਅਦ

ਇਹਨਾਂ ਕਿਤਾਬਾਂ ਦੀ ਸਟਾਕ ਐਂਟਰੀ ਕਰਕੇ ਬਿਲ 'ਤੇ ਦਰਸਾਈ ਜਾਵੇਗੀ ਅਤੇ ਬਿਲਾਂ ਦੀ ਇੱਕ ਪਰਤ ਮੁੱਖ ਦਫ਼ਤਰ ਵਿਖੇ ਅਗਲੇਰੀ ਕਾਰਵਾਈ ਲਈ ਭੇਜੀ ਜਾਵੇਗੀ।

- ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ ਨੂੰ ਜ਼ਿਲ੍ਹਾ ਭਲਾਈ ਅਫ਼ਸਰ ਵੱਲੋਂ ਪ੍ਰਤੀ ਹਸਤਾਖ਼ਰ ਕਰਵਾ ਲਿਆ ਜਾਵੇ ਤਾਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭਲਾਈ ਵਿਭਾਗ ਵੱਲੋਂ ਪੇਮੈਂਟ ਕਰਨ ਵੇਲੇ ਕੋਈ ਦਿੱਕਤ ਪੇਸ਼ ਨਾ ਆਏ।
- ਅਗਰ ਕਿਸੇ ਸਕੂਲ ਵਿੱਚ ਕਿਤਾਬਾਂ ਨਹੀਂ ਪੁਜਦੀਆਂ ਜਾਂ ਘੱਟ ਪ੍ਰਾਪਤ ਹੋਈਆਂ ਹਨ ਤਾਂ ਸਕੂਲ ਮੁਖੀ ਤੁਰੰਤ ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਅਤੇ ਜ਼ਿਲ੍ਹਾ ਮੈਨੇਜ਼ਰ, ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸੰਪਰਕ ਕਰਕੇ ਕਿਤਾਬਾਂ ਦੀ ਪਹੁੰਚ ਯਕੀਨੀ ਬਣਾਏ ਅਤੇ ਕੀਤੀ ਗਈ ਕਾਰਵਾਈ ਤੋਂ ਮੁੱਖ ਦਫ਼ਤਰ ਨੂੰ ਜਾਣੂੰ ਕਰਵਾਏ।
- ਕਿਤਾਬਾਂ ਦੀ ਵੰਡ ਉਪਰੰਤ ਜੇਕਰ ਕਿਸੇ ਕਾਰਨ ਕਿਤਾਬਾਂ ਵਾਧੂ ਗਿਣਤੀ ਵਿੱਚ ਪ੍ਰਾਪਤ ਹੋ ਜਾਂਦੀਆਂ ਹਨ ਤਾਂ ਇਹ ਵਾਪਸ ਜ਼ਿਲ੍ਹਾ ਮੈਨੇਜ਼ਰ ਨੂੰ ਭੇਜ ਦਿੱਤੀਆਂ ਜਾਣ ਅਤੇ ਇਹਨਾਂ ਨੂੰ ਬਿਲ ਵਿੱਚ ਸ਼ਾਮਲ ਨਾ ਕੀਤਾ ਜਾਵੇ।
- ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਆਪਣੇ ਜ਼ਿਲ੍ਹੇ ਵਿੱਚ ਬਾਕਾਇਦਾ ਇੱਕ ਕੰਟਰੋਲ ਰੂਮ ਦੀ ਤਰਜ਼ 'ਤੇ ਜ਼ਿਲ੍ਹੇ ਨਾਲ ਸਬੰਧਤ ਹਰ ਕਾਰਵਾਈ 'ਤੇ ਨਜ਼ਰ ਰੱਖਣਗੇ ਅਤੇ ਕੀਤੀ ਗਈ ਕਾਰਵਾਈ ਸਬੰਧੀ ਮੁੱਖ ਦਫ਼ਤਰ ਨੂੰ ਹਰ ਰੋਜ਼ ਦਫ਼ਤਰ ਦੇ ਸੰਪਰਕ ਨੰਬਰਾਂ ਦੇ ਇਲਾਵਾ ਹੇਠ ਲਿਖੇ ਨੰਬਰਾਂ 'ਤੇ ਜਾਣੂੰ ਕਰਵਾਉਣਗੇ।
- ਸ਼੍ਰੀ ਦਵਿੰਦਰ ਸਿੰਘ- 9478200150, ਸ਼੍ਰੀ ਸੰਜੀਵ ਕੁਮਾਰ- 9478200140, ਅਮਰਜੀਤ ਸਿੰਘ- 9478200130
- ਸਕੂਲ ਮੁਖੀ ਕਿਤਾਬਾਂ ਸਬੰਧੀ ਕਿਸੇ ਵੀ ਸੂਚਨਾ ਲਈ ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਨਾਲ ਸੰਪਰਕ ਕਰਨਗੇ, ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਦੇ ਸੰਪਰਕ ਨੰਬਰਾਂ ਦੀ ਸੂਚੀ ਨਾਲ ਨੱਥੀ ਹੈ ਅਤੇ ਵੈਬਸਾਈਟ 'ਤੇ ਵੀ ਉਪਲਬਧ ਹੈ।

4.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**

**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਉਹਨਾਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
2. ਪ੍ਰਮੁੱਖ ਸਕੱਤਰ,ਭਲਾਈ ਵਿਭਾਗ,ਪੰਜਾਬ ਸਰਕਾਰ।
3. ਚੇਅਰਮੈਨ,ਪੰਜਾਬ ਸਕੂਲ ਸਿੱਖਿਆ ਬੋਰਡ,ਸਾਹਿਬਜ਼ਾਦਾ ਅਜੀਤ ਸਿੰਘ ਨਗਰ।
4. ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਸਰਕਾਰ।
5. ਸਮੂਹ ਜ਼ਿਲ੍ਹਾ ਡਿਪੂ ਮੈਨੇਜ਼ਰ, ਪੰਜਾਬ ਸਕੂਲ ਸਿੱਖਿਆ ਬੋਰਡ।
6. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ)।
7. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ) ।
8. ਸਮੂਹ ਮੰਡਲ ਸਿੱਖਿਆ ਅਫ਼ਸਰ ਪੰਜਾਬ।
9. ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਵੈਬ-ਸਾਈਟ ਰਾਹੀਂ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਅਨੁਲਗ-1

# List of Text Book Coordinator in all Districts

| Sr. No. | District | Text Book Coordinator | Mobile No. | Residence | SSA Phone No. | Books Address |
|---|---|---|---|---|---|---|
| 1 | Amritsar | Livtar Singh | 9915954939 | 9915505740 | 95-183-2500729 | B.P.E.O, Office Golden Avenue Nearest PSEB, Amritsar |
| 2 | Bathinda | Bhupinder Singh | 9417328400 | 164-2219419 | 95-164-2217295 | DRC Centre, Opposite Govt. Senior Secondary School Near AC market, Demal Road ,Bathinda |
| 3 | Faridkot | Jaswant Singh | 9878922179 | 9915536479 | 95-1639-252001 | BRP, Faridkot Govt. Balbir Primary School |
| 4 | Feroze pur | Vijay Trahin | 9872632965 | 01632-222965 , 221996 | 95-1632-249772 | BRC.Block-3,Near Main bus stand & BDPO Off. Ferozepur City, |
| 5 | Fateh garh Sahib | Harminder Singh | 9855551215 | 9855554215 | 95-1763-233944 | Mata Gujri, Sen. Sec. School, Fatehgarh Sahib |
| 6 | Gurdas pur | Anil | 9855324095 | | 95-1874-250575 | Distrcit Insitution of Education & Training, Hardarshni Road (GPS Normal School) |
| 7 | Hoshiar pur | Jaswinder Singh | 9814111131 | | 95-1882-241350 | Govt.Senior.Secondary School, Baghpur Sataur, Block-1B, Hoshiarpur |
| 8 | Jalan dhar | Pawan Kumari Arora | 9464336279 | 0181-2231579 | 95-181-2240787 | Govt. Model Senior School(Boys) Laddowali Road, Jallandhar |

| | | | | | | |
|---|---|---|---|---|---|---|
| 9 | kapur thala | Vikas Dhawan | 9417140024 | 9815159290 | 95-1822-509408 | DEO(Office), Near bus stand,Opposite Ahuja Sweet Shop,Kapurthala |
| 10 | Ludhiana | Tajinder Singh | 9855789325 | | 95-161-2420902 | Gvt. Senior Secondary School Bharatnagar, Near ESI Hospitsl, Ludhiana |
| 11 | Moga | Lakhwinder Singh | 9463083373 | | 95-1636-237502 | Govt.Senior.Secondary School, Village-Bughi Pura, Moga to Barnala road, Block-I Moga |
| 12 | Mansa | Shamsher Singh | 01652-229939 | | 95-1652-232606 | Senior Secondary School Boys (Mansa) |
| 13 | Mukatsar | Rana Bedi | 9814631212 | | 95-1633-262863 | Govt. Senior Secondary School (Girls) Bathinda Road, Near Ajit Cinema MKT. |
| 14 | S.B.S. Nagar | Harjinder Singh | 9463293520 | 9855077403 | 95-1823-503491 | BPEO Office, Nawan Shar-I, Langroa Nawan Shahr |
| 15 | Patiala | Davinder Singh | 9464739699 | | 95-175-2304156 | Sarva Shiksha Abhiyan ,Inside GPS Multiperpus ,near State College Patiala |
| 16 | Ropar | Gurpreet Singh | 9417819395 | | 95-1881-224983 | Zila Shikhya Sikhlayi Sanstha, Roopnagar (DIET) |
| 17 | Sangrur | Prem Pal Wadhera | 9815729030 | 9876575505 | 95-1672-221250 | Raj High School, Sn. Sec School Neel Kothi, Sangrur |
| 18 | SAS Nagar | Balbir Singh | 9878461940 | | 95-172-2274100 | Govt. Primary School ,Phase-II ,Mohali |

| | | | | | | |
|---|---|---|---|---|---|---|
| 19 | Tarn Taran | Mandeep Singh | 9814307344 | | 95-1852-223777 | G.E.S. Morgue, Nearest Tarn Taran Bus Stand, Tarn Taran |
| 20 | Barnala | Harbans singh | 9463218226 | 01679-228922 | 95-1679-239240 | GPS Bajwapatti, Barnala |